# ਜ਼ਿਲ੍ਹਾ ਖ਼ਜ਼ਾਨਾ ਅਫ਼ਸਰ, ਮਾਨਸਾ

ਇਹ ਦਫ਼ਤਰ ਜ਼ਿਲ੍ਹਾ ਕਚਿਹਰੀ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੇ ਬਿਲਕੁਲ ਨਜ਼ਦੀਕ ਤਹਿਸੀਲ ਕੰਪਲੈਕਸ ਵਿੱਚ ਸਥਿਤ ਹੈ, ਜੋ ਕਿ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਮਾਨਸਾ ਦੀ ਦੇਖ ਰੇਖ ਹੇਠ ਕੰਮ ਕਰ ਰਿਹਾ ਹੈ। ਇਸ ਦੇ ਅਧੀਨ 4 ਉਪ ਖ਼ਜ਼ਾਨਾ ਦਫ਼ਤਰ ਹਨ ਜਿਹੜੇ ਕਿ ਬੁਢਲਾਡਾ, ਬਰੇਟਾ, ਝੁਨੀਰ, ਸੁਰਦੂਲਗੜ੍ਹ ਤਹਿਸੀਲਾਂ ਵਿੱਚ ਸਥਿਤ ਹਨ, ਜਿਹਨਾਂ ਵਿੱਚੋਂ ਦੋ ਖ਼ਜ਼ਾਨਾ ਅਫ਼ਸਰ ਦੀ ਦੇਖ-ਰੇਖ ਹੇਠ ਕੰਮ ਕਰ ਰਹੇ ਹਨ ਅਤੇ ਦੋ ਸਿੰਗਲ ਕਲਰਕ ਖ਼ਜ਼ਾਨੇ ਹਨ।

ਇਸ ਦਫ਼ਤਰ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਇਸ ਪ੍ਰਕਾਰ ਹੈ :-

**1 ਤਨਖਾਹਾਂ ਦੀ ਅਦਾਇਗੀ** :-

ਇਸ ਦਫ਼ਤਰ ਵਿੱਚ ਵੱਖ-ਵੱਖ ਵਿਭਾਗਾਂ ਤੋਂ ਆਉਣ ਵਾਲੇ ਤਨਖਾਹਾਂ ਦੇ ਬਿੱਲਾਂ ਦੀ ਅਦਾਇਗੀ ਸਮੇਂ ਸਿਰ ਕੀਤੀ ਜਾਂਦੀ ਹੈ। ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕਿਸੇ ਵੀ.ਡੀ.ਡੀ.ਓਜ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ।

**2 ਪੈਨਸ਼ਨਰਾਂ ਦੀ ਸਹੂਲਤ ਲਈ** :-

ਇਸ ਦਫ਼ਤਰ ਵਿੱਚੋਂ ਪੈਨਸ਼ਨ ਲੈਣ ਵਾਲੇ ਸਾਰੇ ਪੈਨਸ਼ਨਰਾਂ ਨੂੰ ਪੈਨਸ਼ਨ ਦੀ ਅਦਾਇਗੀ ਇਸ ਦਫ਼ਤਰ ਵੱਲੋਂ ਸਹੀ ਸਮੇਂ ਸਿਰ ਕੀਤੀ ਜਾਂਦੀ ਹੈ। ਪੈਨਸ਼ਨਰ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਂਦੀ।

**3 ਪੈਨਸ਼ਨਰਾਂ ਦੀ ਸਹੂਲਤ ਲਈ** :-

ਇਸ ਦਫ਼ਤਰ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ ਵੱਖ-ਵੱਖ ਸਹੂਲਤਾਂ ਉਪਲਬਧ ਕਰਵਾਈਆਂ ਜਾਂਦੀਆਂ ਹਨ। ਪੈਨਸ਼ਨਰਾਂ ਦੀ ਸਹੂਲਤ ਵਾਸਤੇ ਇਸ ਦਫ਼ਤਰ ਵਿੱਚ ਪੀਣ ਵਾਲੇ ਪਾਣੀ ਦਾ ਕੂਲਰ ਲਗਾਇਆ ਗਿਆ ਹੈ ਅਤੇ ਇੱਕ ਪਾਣੀ ਦੀ ਟੈਂਕੀ ਵੀ ਲਗਾਈ ਹੈ। ਪੈਨਸ਼ਨਰਾਂ ਦੇ ਆਰਾਮ ਕਰਨ ਲਈ ਪੱਖੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

**4 ਅਸ਼ਟਾਮਾਂ ਦੀ ਸੇਲ ਬਾਰੇ** :-

ਇਸ ਦਫ਼ਤਰ ਵੱਲੋਂ ਹਰ ਪ੍ਰਕਾਰ ਦੇ ਅਸ਼ਟਾਮ ਖ਼ਜ਼ਾਨੇ ਦੇ ਕਾਉਂਟਰ ਤੇ ਉਸੇ ਵੇਲੇ ਦਿੱਤੇ ਜਾਂਦੇ ਹਨ ਤੇ ਅਸ਼ਟਾਮ ਫਰੋਸ਼ਾਂ ਨੂੰ ਹਰ ਤਰ੍ਹਾਂ ਦੇ ਅਸ਼ਟਾਮ ਬਿਨਾਂ ਕਿਸੇ ਦੇਰੀ ਦੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਪਲਬਧ ਕਰਵਾਏ ਜਾਂਦੇ ਹਨ।

ਇਸ ਦਫ਼ਤਰ ਵੱਲੋਂ ਵੱਖ-ਵੱਖ ਪ੍ਰਕਾਰ ਦੀਆਂ ਗ੍ਰਾਂਟਾਂ ਦੇ ਬਿੱਲ, ਪੀ.ਐਲ. ਏ. ਦੇ ਵਾਊਚਰ ਆਦਿ ਹਰ ਪ੍ਰਕਾਰ ਦੀ ਪੰਜਾਬ ਸਰਕਾਰ ਦੀ ਪੇਮੈਂਟ ਦੀ ਅਦਾਇਗੀ ਕੀਤੀ ਜਾਂਦੀ ਹੈ।